# ਖ਼ੁਲਾਸਾ ਖ਼ੁਤਬਾ ਜੁਮੱਾ 02.05.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨਾ ਦੇ ਹਵਾਲਿਆਂ ਵਿੱਚੋਂ ਬੀਤੇ ਖ਼ੁਤਬਿਆਂ ਵਿਚ ਇਲਾਹੀ ਮਆਰਫ਼ਤ ਦੇ ਢੰਗ, ਇਲਾਹੀ ਮੁਹਬੱਤ ਦੇ ਢੰਗ ਅਤੇ ਅਲੱਾਹ ਤਆਲਾ ਦੇ ਵਜੂਦ ਦੀ ਸਚੱਾਈ ਵਰਨਣ ਕਰਦਾ ਰਿਹਾ ਹਾਂ । ਅੱਜ ਆਪ ਅਲੈਹਿ ਸਲਾਮ ਦੇ ਕਥਨ ਵਰਨਣ ਕਰਦਿਆਂ ਹੋਇਆਂ ਆਪ ਜੀ ਦੇ ਇਨ ਵਿਦਿਅਕ ਖ਼ਜ਼ਾਨੇ ਵਿੱਚੋਂ ਕੁਝ ਹਵਾਲੇ ਪੇਸ਼ ਕਰਾਂਗਾ ਜਿੰਨ੍ਹਾ ਵਿੱਚ ਆਪ ਜੀ ਨੇ ਅਲੱਾਹ ਤਆਲਾ ਦੀ ਨੇੜਤਾ ਦੀ ਸਚੱਾਈ, ਉਸ ਨੂੰ ਹਾਸਲ ਕਰਨ ਦੇ ਕੁਝ ਢੰਗ, ਉਸਦੀ ਮਹਤੱਾ ਅਤੇ ਆਪਣੀ ਜਮਾਤ ਵੱਲੋਂ ਉਸ ਦੀ ਪ੍ਰਾਪਤੀ ਲਈ ਮਨੋਕਾਮਨਾਵਾਂ ਦਾ ਪ੍ਰਗਟਾਵਾ ਕੀਤਾ ਹੈ ।

ਇਸ ਗੱਲ ਦਾ ਵਿਸਥਾਰ ਕਰਦਿਆਂ ਹੋਇਆਂ ਕਿ ਅਲੱਾਹ ਤਆਲਾ ਨੂੰ ਪ੍ਰਾਪਤ ਕਰਨਾ ਹੈ ਤਾਂ ਇਸ ਗੱਲ ਦਾ ਬੋਧ ਹੋਣਾ ਜ਼ਰੂਰੀ ਹੈ ਕਿ ਅਸਲ ਨੇਕੀ ਰੱਬ ਦੇ ਵਜੂਦ ਵਿੱਚ ਹੈ ਅਤੇ ਉਸ ਵੱਲੋਂ ਹੀ ਨੇਕੀ ਆਉਂਦੀ ਹੈ, ਜੋ ਰੱਬ ਨੀ ਸਿੱਖਿਆ ਨੂੰ ਅਪਨਾਉਣ ਨਾਲ ਮਿਲਦੀ ਹੈ ਅਤੇ ਸਿੱਟੇ ਵੱਜੋਂ ਰੱਬ ਦੇ ਪੁਰੁਸਕਾਰ ਅਤੇ ਉਸ ਦੀ ਨੇੜਤਾ ਪਆਪਤ ਹੁੰਦੀ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ

ਵਾਸਤਵਿਕ ਤੌਰ'ਤੇ ਰੱਬ ਤੋਂ ਬਿਨਾ ਹੋਰ ਕੋਈ ਨੇਕ ਕੰਮ ਨਹੀਂ, ਸਾਰੇ ਓਚੱ ਆਚਰਣ ਅਤੇ ਸਾਰੀਆਂ ਨੇਕੀਆਂ ਉਸੇ ਲਈ ਸਿੱਧ ਹਨ । ਫਿਰ ਯਥਾਸ਼ਕਤੀ ਕੋਈ ਆਪਣੇ ਨਫ਼ਸ ਅਤੇ ਬੋਧ ਅਨੁਸਾਰ ਫ਼ਾਨੀ ਹੋਕੇ ਕੇਵਲ ਉਸ ਦੇ ਵਜੂਦ ਦੀ ਨੇੜਤਾ ਪ੍ਰਾਪਤ ਕਰਦਾ ਹੈ, ਉਸੇ ਸਮਰਥਾ ਅਨੁਸਾਰ ਇਲਾਹੀ ਅਖ਼ਲਾਕ ਉਸਦੇ ਨਫ਼ਸ'ਤੇ ਪ੍ਰਤੀਬਿੰਬਿਤ ਹੁੰਦੇ ਹਨ । ਸੋ ਬੰਦੇ ਨੂੰ ਜੋ ਖ਼ੂਬੀਆਂ ਅਤੇ ਸੱਚੀ ਸੰਸਕ੍ਰਿਤੀ ਪ੍ਰਾਪਤ ਹੁੰਦੀ ਹੈ ਉਹ ਰੱਬ ਦੀ ਨੇੜਤਾ ਤੋਂ ਹੀ ਪ੍ਰਾਪਤ ਹੁੰਦੀ ਹੈ ਅਤੇ ਅਜਿਹਾ ਹੀ ਚਾਹੀਦਾ ਸੀ ਕਿਉਂਕਿ ਮਖ਼ਲੂਕ ਆਪਣੇ ਆਪ ਵਿੱਚ ਕੋਈ ਚੀਜ਼ ਨਹੀਂ, ਸੋ ਉੱਚੇ ਇਲਾਹੀ ਅਖ਼ਲਾਕ ਦਾ ਪ੍ਰਤੀਬਿੰਬ ਉਹਨਾ ਦੇ ਹੀ ਮਨਾਂ ਉਪੱਰ ਹੁੰਦਾ ਹੈ ਜੋ ਲੋਕ ਕੁਰਆਨ ਕਰੀਮ ਦੀ ਪੂਰਨ ਪੈਰ੍ਹਵੀ ਕਰਦੇ ਹਨ ।

ਇਕ ਥਾਂ ਇਲਾਹੀ ਨੇੜਤਾ ਬਾਰੇ ਹਜ਼ਰਤ ਕਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਧੋਖਾ ਖਾਣ ਵਾਲਾ ਨਹੀਂ, ਉਹ ਉਹਨਾਂ ਨੂੰ ਹੀ ਆਪਣਾ ਵਿਸ਼ੇਸ਼ ਕਰੀਬੀ ਬਣਾਉਂਦਾ ਹੈ ਜੋ ਮੱਛੀਆਂ ਵਾਂਗ ਉਸ ਦੇ ਪ੍ਰੇਮ ਦੇ ਦਰਿਆ ਵਿੱਚ ਸਦਾ ਹੀ ਸੁਭਾਵਕ ਤੈਰਨ ਵਾਲੇ ਹਨ ਅਤੇ ਉਸੇ ਦੀ ਹੀ ਹੋ ਰਹਿੰਦੇ ਹਨ, ਉਸੇ ਦੀ ਆਗਿਆਕਾਰੀ ਵਿੱਚ ਫ਼ਨਾ ਹੋ ਜਾਂਦੇ ਹਨ । ਇਹ ਰੱਬ ਦੀ ਮਰਿਯਾਦਾ ਹੈ ਕਿ ਉਹ ਆਪਣੇ ਪ੍ਰੇਮ ਰੱਖਣ ਵਾਲਿਆਂ ਨੂੰ ਪਾਕ ਕਰਦਾ ਹੈ । ਹਾਂ, ਸੱਚੀ ਪਵਿਤੱਰਤਾ ਤੇ ਪਾਕੀਜ਼ੀ ਦਾ ਸੋਮਾਂ ਰੱਬ ਹੀ ਹੈ । ਜੋ ਲੋਕ ਸਿਮਰਣ, ਬੰਦਗੀ ਤੇ ਸਨੇਹ ਨਾਲ ਉਸ ਦੀ ਯਾਦ ਵਿੱਚ ਲੀਨ ਰਹਿੰਦੇ ਹਨ, ਰੱਬ ਆਪਣੇ ਗੁਣ ਉਹਨਾਂ ਵਿੱਚ ਵੀ ਪਾ ਦਿੰਦਾ ਹੈ, ਉਸ ਸਮੇਂ ਉਹ ਵੀ ਉਸ ਪਾਕੀਜ਼ੀ ਵਿੱਚੋਂ ਪਰਛਾਵੇਂ ਦੇ ਰੂਪ ਵਿੱਚ ਹਿਸੱਾ ਪਾ ਲੈਂਦੇ ਹਨ । ਜੋ ਰੱਬ ਦੇ ਵਜੂਦ ਵਿੱਚ ਹਕੀਕੀ ਤੌਰ'ਤੇ ਮਜੂਦ ਹੈ ।

ਫਿਰ ਆਪ ਜੀ ਨੇ ਫ਼ਰਮਾਇਆ ਕਿ ਇਹ ਉੱਚੇ ਅਖ਼ਲਾਕ, ਨੇਕੀਆਂ (ਭਲੇ ਕੰਮ) ਅਤੇ ਖ਼ੁਦਾ ਤਆਲਾ ਦੀ ਨੇੜਤਾ ਪ੍ਰਾਪਤ ਕਰਨ ਦਾ ਸਾਧਨ, ਨਮੂਨਾ ਤੇ ਸਿੱਖਿਆ ਜੋ ਰੱਬ ਨੇ ਸਾਡੇ ਸਾਹਮਣੇ ਰੱਖਿਆ ਹੈ ਉਹ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੂਰਨ ਪੈਰ੍ਹਵੀ ਨਾਲ ਹੈ । ਆਪ ਜੀ ਫ਼ਰਮਾਉਂਦੇ ਹਨ ਕਿ

ਸਾਡਾ ਈਮਾਨ (ਵਿਸ਼ਵਾਸ) ਇਸ ਗੱਲ'ਤੇ ਹੈ ਕਿ ਸੁਮਾਰਗ ਦਾ ਤੁੱਛ ਜਿਹਾ ਦਰਜਾ ਵੀ ਮਨੁੱਖ ਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਫਲੱਮ ਦੀ ਪੈਰ੍ਹਵੀ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦਾ ਛੁੱਟ ਇਸਦੇ ਕਿ ਸੁਮਾਰਗ ਦੇ ਉੱਚੇ ਦਰਜੇ ਬਿਨਾ ਇਸ ਰਸੂਲਾਂ ਦੇ ਇਮਾਮ ਦੀ ਪੈਰ੍ਹਵੀ ਦੇ ਹਾਸਲ ਹੋ ਸਕਣ । ਕੋਈ ਮਰਤਬਾ ਸ਼ਰਫ਼ ਤੇ ਕਮਾਲ ਦਾ ਅਤੇ ਕੋਈ ਅਸਥਾਨ ਸਨਮਾਨ ਤੇ ਨੇੜਤਾ ਦਾ, ਅਸੀਂ ਆਪਣੇ ਨਬੀ ਸਲਲੱਾਹੁ ਅਲੈਹਿ ਵਸਲੱਮ ਦੀ ਸੱਚੀ ਤੇ ਪੂਰਨ ਪੈਰ੍ਹਵੀ ਤੋਂ ਬਿਨਾ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ । ਸਾਨੂੰ ਜੋ ਕੁਝ ਵੀ ਮਿਲਦਾ ਹੈ ਪਰਛਾਵੇਂ ਤੇ ਵਸੀਲੇ ਦੇ ਰੂਪ ਵਿੱਚ ਮਿਲਦਾ ਹੈ ।

ਫਿਰ ਇਸਲਾਮ ਦੀ ਹਕੀਕਤ ਕੀ ਹੈ ਅਤੇ ਇਕ ਮੁਸਲਮਾਨ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਇਕ ਮੁਸਲਮਾਨ ਨੂੰ ਰੱਬ ਦੀ ਨੇੜਤਾ ਦਾ ਮਿਆਰ ਕਿੱਥੋਂ ਤੱਕ ਪਹੁੰਚਾਉਂਣਾ ਚਾਹੀਦਾ ਹੈ ਆਪ ਜੀ ਫ਼ਰਮਾਉਂਦੇ ਹਨ ਕਿ, ਇਸਲਾਮ ਦੀ ਹਕੀਕਤ ਇਹ ਹੈ ਕਿ ਆਪਣੀ ਗਰਦਨ ਰੱਬ ਅੱਗੇ ਕੁਰਬਾਨੀ ਦੇ ਬਕਰੇ ਵਾਂਗ ਰੱਖ ਦੇਣਾ ਅਤੇ ਆਪਣੇ ਸਾਰਿਆਂ ਇਰਾਦਿਆਂ ਤੋਂ ਅੱਡ ਹੋ ਜਾਣਾ ਅਤੇ ਰੱਬ ਦੇ ਇਰਾਦੇ ਤੇ ਰਜ਼ਾ ਵਿੱਚ ਲੀਨ ਹੋ ਜਾਣਾ । ਰੱਬ ਵਿੱਚ ਗੁੰਮ ਹੋਕੇ ਇਕ ਮੌਤ ਆਪਣੇ ਉਪੱਰ ਵਾਰ ਲੈਣਾ ਅਤੇ ਉਸਦੇ ਵਿਅਕਤੀਗੱਤ ਪ੍ਰੇਮ ਨਾਲ ਪੂਰਾ ਰੰਗ ਹਾਸਲ ਕਰਕੇ ਕੇਵਲ ਪ੍ਰੇਮ ਦੇ ਜੋਸ਼ ਨਾਲ ਉਸ ਦੀ ਆਗਿਆਕਾਰੀ ਕਰਨਾ, ਨ ਕਿ ਕਿਸੇ ਹੋਰ ਕਾਰਨਾ ਕਰਕੇ । ਅਤੇ ਅਜਿਹੀਆਂ ਅੱਖਾਂ ਹਾਸਲ ਕਰਨਾ ਜੋ ਕੇਵਲ ਉਸਦੇ ਨਾਲ ਦੇਖਦੀਆਂ ਹੋਣ; ਅਜਿਹੇ ਕੰਨ ਹਾਸਲ ਕਰਨਾ ਜੋ ਕੇਵਲ ਉਸਦੇ ਨਾਲ ਸੁਣਦੇ ਹੋਣ; ਅਜਿਹਾ ਦਿਲ ਪੈਦਾ ਕਰਨਾ ਜੋ ਪੂਰਨਤਾ ਉਸ ਵੱਲ ਝੁੱਕਿਆ ਹੋਵੇ ਅਤੇ ਅਜਿਹੀ ਜੀਭ ਹਾਸਲ ਕਰਨਾ ਜੋ ਉਸ ਦੇ ਬੁਲਾਉਂਣ ਨਾਲ ਬੋਲਦੀ ਹੋਵੇ । ਇਹ ਉਹ ਅਸਥਾਨ ਹੈ ਜਿਸ'ਤੇ ਪਹੁੰਚਕੇ ਸਾਰੇ ਵਰਤਾਓ ਦਾ ਅੰਤ ਹੋ ਜਾਂਦਾ ਹੈ ਅਤੇ ਮਨੁੱਖੀ ਅੰਗ ਆਪਣੇ ਜ਼ਿੰਮੇ ਦੇ ਸਾਰੇ ਕੰਮ ਕਰ ਚੁਕਦੇ ਹਨ ।

ਫਿਰ ਇਸਤਗ਼ਫ਼ਾਰ (ਖਿਮਾ ਯਾਚਨਾ) ਦੀਆਂ ਦੋ ਕਿਸਮਾਂ ਦਾ ਵਰਨਣ ਕਰਦੇ ਹੋਏ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਇਸਤਗ਼ਫ਼ਾਰ ਜਿਸ ਨਾਲ ਈਮਾਨ ਦੀਆਂ ਜੜ੍ਹਾਂ ਪੱਕੀਆਂ ਹੁੰਦੀਆਂ ਹਨ ਕੁਰਆਨ ਕਰੀਮ ਵਿੱਚ ਦੋ ਅਰਥਾਂ ਵਿੱਚ ਆਇਆ ਹੈ । ਇਕ ਤਾਂ ਇਹ ਹੈ ਕਿ ਆਪਣੇ ਮਨ ਨੂੰ ਰੱਬ ਦੇ ਪ੍ਰੇਮ ਵਿੱਚ ਪੱਕਿਆਂ ਕਰਕੇ ਪਾਪਾਂ ਦੇ ਪ੍ਰਗਟ ਹੋਣ ਨੂੰ ਜੋ ਇਕਾਂਤ ਦੀ ਅਵਸਥਾ ਵਿੱਚ ਜੋਸ਼ ਮਾਰਦੇ ਹਨ, ਰੱਬ ਦੇ ਸੰਬੰਧ ਨਾਲ ਰੋਕਣਾ ਅਤੇ ਰੱਬ ਵਿੱਚ ਲੀਨ ਹੋਕੇ ਉਸ ਤੋਂ ਮਦਦ ਮੰਗਣੀ, ਇਹ ਇਸਤਗ਼ਫ਼ਾਰ ਤਾਂ ਨੇੜਤਾ ਪ੍ਰਾਪਤ ਵਾਲਿਆਂ ਦਾ ਹੈ । ਦੂਜੀ ਪ੍ਰਕਾਰ ਦਾ ਇਸਤਗ਼ਫ਼ਾਰ ਇਹ ਹੈ ਕਿ ਪਾਪ ਵਿੱਚੋਂ ਨਿਕਲ ਕੇ ਰੱਬ ਵੱਲ ਦੌੜਨਾ ਅਤੇ ਜਤਨ ਕਰਨਾ ਕਿ ਜਿਵੇਂ ਰੁੱਖ ਧਰਤੀ ਵਿੱਚ ਲੱਗ ਜਾਂਦਾ ਹੈ ਅਜਿਹਾ ਹੀ ਦਿਲ ਰੱਬ ਦੇ ਪ੍ਰੇਮ ਦਾ ਭੁੱਖਾ ਬਣ ਜਾਵੇ ਤਾਂ ਜੋ ਪਾਕ ਵਿਕਾਸ ਕਰਕੇ ਪਾਪ ਦੀ ਧੂੜ ਤੇ ਪਤਨ ਤੋਂ ਬੱਚ ਜਾਵੇ । ਇਹਨਾਂ ਦੋਹਾਂ ਅਵਸਥਾਵਾਂ ਦਾ ਨਾਂ ਇਸਤਗ਼ਫਾਰ (ਖਿਮਾ ਯਾਚਨਾ) ਰੱਖਿਆ ਗਿਆ ਹੈ ।

ਨੇੜਤਾ ਦੇ ਦਰਜਿਆਂ ਦਾ ਵਿਸਥਾਰ ਕਰਦਿਆਂ ਹੋਇਆਂ ਆਪ ਜੀ ਫ਼ਰਮਾਉਂਦੇ ਹਨ ਕਿ :

ਕਿਉਂਕਿ ਉਸ ਦੀ ਨੇੜਤਾ ਤੇ ਸੰਬੰਧ ਦੇ ਦਰਜੇ ਵਿਭਿੰਨ ਹਨ (ਨੇੜਤਾ ਤੇ ਸੰਬੰਧ ਦੇ ਦਰਜੇ ਜੋ ਰੱਬ ਵੱਲੋਂ ਮਿਲਣੇ ਹਨ ਉਹ ਵੱਖ ਵੱਖ ਹਨ) ਇਸ ਲਈ ਇਕ ਮਨੁੱਖ ਰੱਬ ਦਾ ਕਰੀਬੀ ਹੁੰਦਿਆਂ ਹੋਇਆਂ ਵੀ ਜੱਦ ਅਜਿਹੇ ਮਨੁੱਖ ਨਾਲ ਮੁਕਾਬਲਾ ਕਰਦਾ ਹੈ ਜੋ ਨੇੜਤਾ ਤੇ ਅਸਥਾਨ ਵਿੱਚ ਉਸ ਤੋਂ ਵੱਧਕੇ ਹੈ ਤਾਂ ਅੰਤ ਨੂੰ ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਹ ਮਨੁੱਖ ਜੋ ਛੋਟੇ ਦਰਜੇ ਦਾ ਸੰਬੰਧ ਰੱਖਦਾ ਹੈ ਨ ਕੇਵਲ ਹਲਾਕ ਹੁੰਦਾ ਹੈ ਸਗੋਂ ਬੇ-ਈਮਾਨ ਹੋਕੇ ਮਰ ਜਾਂਦਾ ਹੈ ਜਿਵੇਂ ਕਿ ਮੂਸਾ ਅਲੈਹਿ ਸਲਾਮ ਦੇ ਟਾਕਰੇ'ਤੇ ਬਲਅਮ ਬਾਊਰ ਦਾ ਹਾਲ ਹੋਇਆ ।

ਫਿਰ ਦੁਆ ਜੋ ਇਲਾਹੀ ਨੇੜਤਾ ਦਾ ਸਾਧਨ ਹੈ ਇਸ ਬਾਰੇ ਆਪ ਜੀ ਫ਼ਰਮਾਉਂਦੇ ਹਨ ਕਿ:

ਦੁਆਂ ਦੀ ਉਧਾਰਣ ਇਕ ਮਿੱਠੇ ਸੋਮੇਂ ਵਾਂਗ ਹੈ ਜਿਸ'ਤੇ ਮੋਮਨ ਬੈਠਾ ਹੋਇਆ ਹੈ, ਉਹ ਜੱਦ ਚਾਹੇ ਇਸ ਸੋਮੇ ਤੋਂ ਰੱਜ ਸਕਦਾ ਹੈ ਜਿਵੇਂ ਇਕ ਮੱਛੀ ਪਾਣੀ ਤੋਂ ਬਿਨਾ ਜੀਉਂਦੀ ਨਹੀਂ ਰਹਿ ਸਕਦੀ, ਉਸੇ ਪ੍ਰਕਾਰ ਮੋਮਨ ਦਾ ਪਾਣੀ ਦੁਆ ਹੈ ਜਿਸ ਤੋਂ ਬਿਨਾਂ ਉਹ ਜੀਉਂਦਾ ਨਹੀਂ ਰਹਿ ਸਕਦਾ । ਇਸ ਦੁਆ ਦਾ ਉਚਿਤ ਸਾਧਨ ਨਮਾਜ਼ ਹੈ, ਇਹ ਠੀਕ ਥਾਂ ਜੋ ਦੁਆ ਦੀ ਹੈ ਨਮਾਜ਼ ਹੈ । ਇਹੋ ਵਾਸਤਵ ਵਿੱਚ ਠੀਕ ਦੁਆ ਹੋ ਸਕਦੀ ਹੈ । ਫ਼ਰਮਾਇਆ ਕਿ ਜਿਸ ਵਿੱਚ ਮੋਮਨ ਨੂੰ ਰਾਹਤ ਤੇ ਸਰੂਰ (ਆਨੰਦ) ਮਿਲਦਾ ਹੈ ਕਿ ਜਿਸ ਦੇ ਟਾਕਰੇ'ਤੇ ਇਕ ਅਯੱਾਸ਼ ਦਾ ਹੱਦ ਦਰਜੇ ਦਾ ਸਰੂਰ ਜੋ ਉਸ ਨੂੰ ਬਦਮਾਸ਼ੀ ਵਿੱਚ ਮਿਲ ਸਕਦਾ ਹੈ ਤੁੱਛ ਹੈ । ਵੱਡੀ ਗੱਲ ਜੋ ਦੁਆ ਵਿੱਚ ਹਾਸਲ ਹੁੰਦੀ ਹੈ ਉਹ ਇਲਾਹੀ ਨੇੜਤਾ ਹੈ । ਦੁਆ ਰਾਹੀਂ ਹੀ ਇਨਸਾਨ ਖ਼ੁਦਾ ਤਆਲਾ ਦੇ ਨੇੜੇ ਹੋ ਜਾਂਦਾ ਹੈ ਅਤੇ ਉਸਨੂੰ ਆਪਣੀ ਵੱਲ ਖਿੱਚਦਾ ਹੈ ।

ਸੋ, ਇਲਾਹੀ ਨੇੜਤਾ ਪ੍ਰਾਪਤ ਕਰਨ ਲਈ ਨਮਾਜ਼ਾਂ ਦਾ ਹੱਕ ਪੂਰਾ ਕਰਨਾ ਵਵੀ ਜ਼ਰੂਰੀ ਹੈ । ਫਿਰ ਇਲਾਹੀ ਨੇੜਤਾ ਪ੍ਰਾਪਤ ਕਰਨ ਲਈ ਆਮ ਤੌਰ'ਤੇ ਭਲੇ ਕੰਮ ਕਰਨ ਲਈ ਧਿਆਨ ਖਿੱਚਦਿਆਂ ਹੋਇਆ ਆਪ ਫ਼ਰਮਾਉਂਦੇ ਹਨ ਕਿ :

ਨੇਕ ਕਰਮ ਬਹੁਤ ਵੱਡੀ ਨੇਮਤ ਹਨ । ਰੱਬ ਨੇਕ ਕਰਮਾਂ ਤੋਂ ਰਾਜ਼ੀ ਹੋ ਜਾਂਦਾ ਹੈ ਅਤੇ ਉਸਦੀ ਨੇੜਤਾ ਪ੍ਰਾਪਤ ਹੁੰਦੀ ਹੋ ਜਾਂਦੀ ਹੈ । ਪਰ ਜਿਵੇਂ ਸ਼ਰਾਬ ਦੇ ਅਖੀਰਲੇ ਘੁੱਟ ਵਿੱਚ ਨਸ਼ਾ ਹੁੰਦਾ ਹੈ ਉਸੇ ਪ੍ਰਕਾਰ ਨੇਕ ਕਰਮਾ ਦੀਆਂ ਬਰਕਤਾਂ ਉਸਦੀ ਅਖ਼ੀਰੀ ਭਲਾਈ ਵਿੱਚ ਲੁਪਤ ਹੁੰਦੀਆਂ ਹਨ । ਜੋ ਮਨੁੱਖ ਅੰਤ ਤੱਕ ਪਹੁੰਚਦਾ ਹੈ ਅਤੇ ਨੇਕ ਕਰਮਾ ਨੂੰ ਆਪਣੇ ਕਮਾਲ ਤੱਕ ਪਹੁੰਚਾਉਂਦਾ ਹੈ ਉਹ ਉਹਨਾਂ ਬਰਕਤਾਂ ਤੋਂ ਲਾਭਪਾਰਿਤ ਹੋ ਜਾਂਦਾ ਹੈ, ਪਰ ਜੋ ਮਨੁੱਖ ਹਰ ਨੇਕ ਕਰਮ ਨੂੰ ਵਿੱਚੋਂ ਛੱਡ ਦਿੰਦਾ ਹੈ ਅਤੇ ਉਸਨੂੰ ਆਪਣੀ ਪੂਰਨਤਾ ਤੱਕ ਨਹੀਂ ਪਹੁੰਚਾਉਂਦਾ ਉਹ ਉਹਨਾਂ ਬਰਕਤਾਂ ਤੋਂ ਵਾਂਜਿਆਂ ਰਹਿ ਜਾਂਦਾ ਹੈ । ਮਨੁੱਖ ਦਾ ਸਨਮਾਨ ਇਸੇ ਵਿੱਚ ਹੈ ਅਤੇ ਇਹੋ ਸਭ ਤੋਂ ਵੱਡੀ ਦੌਲਤ ਤੇ ਨੇਮਤ ਹੈ ਕਿ ਰੱਬ ਦੀ ਨੇੜਤਾ ਪ੍ਰਾਪਤ ਹੋਵੇ ।

ਜੱਦ ਉਹ ਰੱਬ ਦਾ ਕਰੀਬੀ ਹੁੰਦਾ ਹੈ ਤਾਂ ਅਲੱਾਹ ਹਜ਼ਾਰਾਂ ਹੀ ਬਰਕਤਾਂ ਉਸ ਉਪੱਰ ਨਾਜ਼ਲ ਕਰਦਾ ਹੈ । ਧਰਤੀ ਵਿੱਚੋਂ ਵੀ ਤੇ ਆਕਾਸ਼ਾਂ ਵਿੱਚੋਂ ਵੀ ਉਸ'ਤੇ ਬਰਕਤਾਂ ਉਤਰਦੀਆਂ ਹਨ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਤਬਾਹੀ ਲਈ ਕੁਰੈਸ਼ ਨੇ ਕਿੰਨ੍ਹਾ ਜ਼ੋਰ ਲਾਇਆ । ਉਹ ਇਕ ਕੌਮ ਸਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਇਕੱਲੇ ਸਨ, ਪਰ ਦੇਖੋ ਕੌਣ ਸਫ਼ਲ ਹੋਇਆ ਅਤੇ ਕੌਣ ਨਾਮੁਰਾਦ ਰਿਹਾ । ਰੱਬ ਦੀ ਨੇੜਤਾ ਰੱਖਣ ਵਾਲਿਆਂ ਲਈ ਉਸ ਦਾ ਪੱਖ ਤੇ ਮਦਦ ਬਹੁਤ ਵੱਡਾ ਚਮਤਕਾਰ ਹੈ ।

ਫਿਰ ਸਾਨੂੰ ਨੇੜਤਾ ਪ੍ਰਾਪਤ ਕਰਨ ਦੇ ਮਿਆਰਾਂ ਵੱਲ ਧਿਆਨ ਖਿਚਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ

ਰੱਬ ਦੇ ਕਰੋਪ ਤੋਂ ਬਹੁਤ ਡਰਦੇ ਰਹੋ ਕਿ ਉਹ ਪਾਕ ਤੇ ਗ਼ੈਰਤ ਰੱਖਣ ਵਾਲਾ ਹੈ । ਬਦਕਾਰ ਰੱਬ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ । ਘਮੰਡੀ ਉਸਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ । ਜ਼ਾਲਮ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ । ਧੋਖੇਬਾਜ਼ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ ਅਤੇ ਹਰ ਇਕ ਜੋ ਉਸ ਦੇ ਨਾਂ ਦੀ ਗ਼ੈਰਤ ਆਪਣੇ ਅੰਦਰ ਨਹੀਂ ਰਖੱਦਾ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ । ਉਹ ਜੋ ਦੁਨੀਆਂ ਉਪੱਰ ਕੁੱਤਿਆਂ ਜਾਂ ਕੀੜੀਆਂ ਜਾਂ ਗਿੱਧਾਂ (ਗਿਰਝਾਂ) ਵਾਂਗ ਡਿਗਦੇ ਹਨ ਅਤੇ ਦੁਨੀਆ ਨਾਲ ਸ਼ਾਂਤ ਹਨ, ਉਹ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦੇ । ਹਰ ਇਕ ਅਪਵਿੱਤਰ ਅੱਖ ਉਸ ਤੋਂ ਦੂਰ ਹੈ; ਹਰ ਇਕ ਨਾਪਾਕ ਦਿਲ ਉਸ ਤੋਂ ਬੇਖ਼ਬਰ ਹੈ । ਉਹ ਜੋ ਉਸ ਲਈ ਅੱਗ ਵਿੱਚ ਹੈ ਉਹ ਅੱਗ ਤੋਂ ਮੁਕਤੀ ਪਾਵੇਗਾ, ਉਹ ਜੋ ਉਸ ਲਈ ਰੋਂਦਾ ਹੈ ਉਹ ਹੱਸੇਗਾ । ਉਹ ਜੋ ਉਸ ਲਈ ਦੁਨੀਆ ਤੋਂ ਨਾਤਾ ਤੋੜਦਾ ਹੈ ਉਹ ਉਸਨੂੰ ਮਿਲੇਗਾ । ਤੁਸੀਂ ਸੱਚੇ ਦਿਲ ਨਾਲ ਅਤੇ ਪੂਰੀ ਸਚੱਾਈ ਨਾਲ

ਅਤੇ ਸਰਗਰਮੀ ਨਾਲ ਰੱਬ ਦੇ ਮਿਤੱਰ ਬਣੋ ਉਹ ਵੀ ਤੁਹਾਡਾ ਮਿਤੱਰ ਬਣ ਜਾਵੇ । ਤੁਸੀਂ ਆਪਣੇ ਮਾਤਹਤਾਂ (ਅਧੀਨਾ) ਉਪੱਰ, ਆਪਣੀਆਂ ਪਤਨੀਆਂ ਉਪੱਰ ਅਤੇ ਆਪਣੇ ਗ਼ਰੀਬ ਭਰਾਵਾਂ ਉਪੱਰ ਰਹਿਮ ਕਰੋ ਤਾਂ ਜੋ ਆਕਾਸ਼ਾਂ ਉਪੱਰ ਤੁਹਾਡੇ'ਤੇ ਵੀ ਰਹਿਮ ਹੋਵੇ । ਤੁਸੀਂ ਸੱਚ ਮੁੱਚ ਉਸ ਦੇ ਹੋ ਜਾਓ ਤਾਂ ਜੋ ਉਹ ਵੀ ਤੁਹਾਡਾ ਹੋ ਜਾਵੇ ।

ਫਿਰ ਆਪਣੀ ਨੇੜਤਾ ਰੱਖਣ ਵਾਲਿਆਂ ਲਈ ਰੱਬ ਕਿਵੇਂ ਆਪਣੀ ਗ਼ੈਰਤ ਦਿਖਾਉਂਦਾ ਹੈ ਅਤੇ ਵਿਰੋਧੀਆਂ ਨੂੰ ਕਿਵੇਂ ਖ਼ਤਮ ਕਰਦਾ ਹੈ, ਇਸ ਬਾਰੇ ਆਪ ਜੀ ਨੇ ਫ਼ਰਮਾਇਆ ਕਿ, ਸੋ ਜਿਸ ਸਮੇਂ ਤੌਹੀਨ ਤੇ ਦੁੱਖਾਂ ਦਾ ਕਾਰਜ ਅੰਤ ਨੂੰ ਪਹੁੰਚ ਗਿਆ ਜੱਦ ਰੱਬ ਦੀ ਨੇੜਤਾ ਪ੍ਰਾਪਤ ਹੋ ਜਾਵੇ ਤਾਂ ਉਹ ਉਸ ਲਈ ਫਿਰ ਅਲੱਾਹ ਕਿਵੇਂ ਗ਼ੈਰਤ ਦਿਖਾਉਂਦਾ ਹੈ, ਫਰਮਾਉਂਦੇ ਹਨ ਕਿ, ਸੋ, ਜਿਸ ਸਮੇਂ ਤੌਹੀਨ ਤੇ ਦੁੱਖਾਂ ਦਾ ਸਮਾਂ ਅੰਤ ਨੂੰ ਪਹੁੰਚ ਗਿਆ ਅਤੇ ਜੋ ਔਕੁੜਾਂ ਰੱਬ ਦੇ ਇਰਾਦੇ ਵਿੱਚ ਸਨ ਉਹ ਹੋ ਚੁੱਕੀਆਂ, ਸੋ, ਉਸ ਸਮੇਂ ਰੱਬ ਦੀ ਗ਼ੈਰਤ ਉਸ ਦੇ ਮਿਤੱਰਾ ਲਈ ਜੋਸ਼ ਮਾਰਦੀ ਹੈ ਅਤੇ ਰੱਬ ਉਹਨਾਂ ਵੱਲ ਦੇਖਦਾ ਹੈ ਅਤੇ ਉਹਨਾਂ ਨੂੰ ਮਜ਼ਲੂਮ ਜਾਣਦਾ ਹੈ ਅਤੇ ਦੇਖਦਾ ਹੈ ਕਿ ਉਹ ਜ਼ੁਲਮ ਕੀਤੇ ਗਏ ਅਤੇ ਗਾਲ੍ਹਾਂ ਦਿੱਤੇ ਗਏ ਅਤੇ ਅਜਾਈਂ ਹੀ ਕਾਫ਼ਰ (ਇਨਕਾਰੀ) ਠਹਿਰਾਏ ਗਏ, ਜ਼ਾਲਮਾਂ ਦੇ ਹਥੀਂ ਦੁੱਖ ਦਿੱਤੇ ਗਏ, ਸੋ, ਉਹ ਖੜਾ ਹੁੰਦਾ ਹੈ ਤਾਂ ਜੋ ਆਪਣੀ ਮਰਿਯਾਦਾ ਪੂਰੀ ਕਰੇ ਅਤੇ ਆਪਣੀ ਮਰਿਯਾਦਾ ਦਿਖਾਏ ਅਤੇ ਆਪਣੇ ਨੇਕ ਬੰਦਿਆਂ ਦੀ ਮਦਦ ਕਰੇ । ਇਸ ਲਈ ਉਹਨਾਂ ਦੇ ਮਨਾਂ ਵਿੱਚ ਪਾਉਂਦਾ ਹੈ ਕਿ ਸੰਪੂਰਨਤਾ ਰੱਬ ਵੱਲ ਕੇਂਦਰਤ ਹੋਣ ਅਤੇ ਸਵੇਰੇ ਸ਼ਾਮ ਉਸ ਦੀ ਹਜ਼ੂਰੀ ਵਿਚ ਅਰਜ਼ੋਈਆਂ ਕਰਨ ਅਤੇ ਇਸੇ ਪ੍ਰਕਾਰ ਉਸ ਦੀ ਮਰਿਯਾਦਾ ਉਸ ਦੇ ਨਿਕਟਵਰਤੀਆਂ ਲਈ ਅਰੰਭ ਹੈ । ਸੋ, ਅੰਤ ਨੂੰ ਦੌਲਤ ਤੇ ਮਦਦ ਉਹਨਾਂ ਲਈ ਹੁੰਦੀ ਹੈ ਅਤੇ ਰੱਬ ਉਹਨਾਂ ਦੇ ਦੁਸ਼ਮਣਾਂ ਨੂੰ ਸ਼ੇਰਾਂ ਤੇ ਚੀਤਿਆਂ ਦਾ ਭੋਜਨ ਬਣਾ ਦਿੰਦਾ ਹੈ । ਇਸੇ ਪ੍ਰਕਾਰ ਸਦਭਾਵਕਾਂ ਵਿੱਚ ਰੱਬ ਦੀ ਮਰਿਯਾਦਾ ਜਾਰੀ ਹੈ ਉਹ ਨਸ਼ਟ ਨਹੀਂ ਕੀਤੇ ਜਾਂਦੇ ਅਤੇ ਬਰਕਤ ਦਿੱਤੇ ਜਾਂਦੇ ਹਨ, ਉਹ ਹਕੀਰ (ਤ੍ਰਿਸਕਾਰੇ) ਨਹੀਂ ਕੀਤੇ ਜਾਂਦੇ ਅਤੇ ਬਜ਼ੁਰਗ (ਸਨਮਾਨਤ) ਕੀਤੇ ਜਾਂਦੇ ਹਨ ।

ਇਸ ਵਿੱਚ ਸੰਦੇਹ ਨਹੀਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਵੀ ਅਸੀਂ ਰੱਬ ਦਾ ਇਹੋ ਵਰਤਾਓ ਦੇਖਿਆ ਅਤੇ ਉਸ ਨੇ ਦੁਸ਼ਮਣਾ ਨੂੰ ਜ਼ਲੀਲ ਤੇ ਨਿਰਾਦਰ ਕੀਤਾ । ਇਕ ਵਾਰ ਨਹੀਂ, ਦੋ ਵਾਰ ਨਹੀਂ, ਵਾਰ ਵਾਰ, ਅਨੇਕਾਂ ਵਾਰ ਅਤੇ ਵੱਖ ਵੱਖ ਖੇਤਰਾਂ ਵਿੱਚ, ਵੱਖ ਵੱਖ ਦੇਸ਼ਾਂ ਵਿੱਚ ਅਹਮਦੀਅਤ ਦੇ ਦੁਸ਼ਮਣਾ ਦੀ ਜ਼ਿਲੱਤ, ਨਿਰਾਦਰੀ, ਰੁਸਵਾਈ ਤੇ ਤਬਾਹੀ ਅਸੀਂ ਦੇਖੀ । ਸੋ, ਅੱਜ ਵੀ ਅਸੀਂ ਇਹ ਨਜ਼ਾਰੇ ਦੇਖਦੇ ਹਾਂ । ਮੈਂ ਫਿਰ ਅਹਮਦੀਆ ਜਮਾਤ ਦੇ ਲੋਕਾਂ ਨੂੰ ਅਤੇ ਵਿਸ਼ੇਸ਼ ਤੌਰ'ਤੇ ਪਾਕਿਸਤਾਨ ਦੇ ਅਹਮਦੀਆਂ ਨੂੰ ਧਿਆਨ ਦੁਆਉਂਣਾ ਚਾਹੁੰਦਾ ਹਾਂ ਕਿ ਅਹਮਦੀਅਤ ਦੇ ਵਿਰੋਧੀਆਂ ਦੇ ਵਿਰੁਧ ਰੱਬ ਲਾਠੀ ਚੱਲੇਗੀ ਅਤੇ ਅਵਸ਼ ਚੱਲੇਗੀ, ਇੰਸ਼ਾਅਲੱਾਹ ਤਆਲਾ । ਛੋਟੇ ਪਧੱਰ'ਤੇ ਇਹ ਦ੍ਰਿਸ਼ ਅਸੀਂ ਦੇਖਦੇ ਵੀ ਹਾਂ, ਦੇਖਦੇ ਰਹਿੰਦੇ ਹਾਂ ਪਰ ਛੇਤੀ ਹੀ ਵੱਡੇ ਪਧੱਰ'ਤੇ ਇਹ ਦ੍ਰਿਸ਼ ਦੇਖਣੇ ਹਨ ਤਾਂ ਪਾਕਿਸਤਾਨ ਵਿੱਚ ਰਹਿਣ ਵਾਲੇ ਹਰ ਅਹਮਦੀ ਅਤੇ ਪਾਕਿਸਤਾਨ ਨਾਲ ਸੰਬੰਧ ਰੱਖਣ ਹਰ ਅਹਮਦੀ ਨੂੰ ਰੱਬ ਦੀ ਨੇੜਤਾ ਤੇ ਸੰਬੰਧ ਵਿੱਚ ਅੱਗੇ ਵਧੱਣ ਦੀ ਲੋੜ ਹੈ । ਇਸ ਲਈ ਦੁਨੀਆ ਨੂੰ ਪਿਛਾਂ ਧੱਕਦਿਆਂ ਹੋਇਆਂ ਰੱਬ ਨਾਲ ਨੇੜਤਾ ਵਿੱਚ ਅਗਾਂਹ ਵਧੱਦੇ ਚਲੇ ਜਾਓ ਅਤੇ ਉਸ ਵਿੱਚ ਵਧੱਦੇ ਜਾਣ ਲਈ ਸਾਨੂੰ ਜਤਨ ਕਰਨੇ ਚਾਹੀਦੇ ਹਨ ਤਾਂ ਜੋ ਇਹ ਦ੍ਰਿਸ਼ ਅਸੀਂ ਛੇਤੀ ਤੋਂ ਛੇਤੀ ਦੇਖ ਸਕੀਏ । ਆਮ ਤੌਰ'ਤੇ ਸਾਰੀ ਦੁਨੀਆ ਦੇ ਅਹਮਦੀਆਂ ਨੂੰ ਵੀ ਵਿਸ਼ੇਸ਼ ਤੌਰ'ਤੇ ਇਸ ਵੱਲ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਦੁਨੀਆ ਵਿੱਚ ਸ਼ੈਤਾਨ ਦੇ ਰਾਜ ਦਾ ਛੇਤੀ ਖ਼ਾਤਮਾ ਹੋਵੇ ਅਤੇ ਅਲੱਾਹ ਤਆਲਾ ਦੇ ਨਿਕਟਵਰਤੀਆਂ ਦਾ ਰਾਜ ਦੁਨੀਆ ਵਿੱਚ ਸਥਾਪਤ ਹੋਵੇ । ਅਲੱਾਹ ਤਆਲਾ ਸਾਨੂੰ ਇਹਨਾਂ ਦੁਆਵਾਂ ਦੇ ਕਰਨ ਦਾ ਵੀ ਬੱਲ ਪ੍ਰਦਾਨ ਕਰੇ ਅਤੇ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਣ ਦੀ ਵੀ ਤੌਫ਼ੀਕ ਬਖ਼ਸ਼ੇ ਜੋ ਰੱਬ ਦੇ ਨਿਕਟਵਰਤੀ ਹੁੰਦੇ ਹਨ । (ਖ਼ੁਤਬਾ ਸਾਨੀਆ)